# ਬੱਚੇ ਅਤੇ ਨੌਜਵਾਨ, ਮਸੀਹ ਦੀ ਸੇਵਾ ਕਰਨ ਵਿੱਚ ਆਨੰਦ ਲੈਣ

## ਯਿਸੂ-ਬੱਚਿਆਂ ਦੇ ਵਾਸਤੇ, ਇੱਕ ਮਹਾਨ ਆਦਰਸ ਕਿ ਉਹ ਉਸਨੂੰ ਮੰਨਣ।

ਇਹੋ ਜਿਹੀਆ ਚੀਜਾ ਚੁਣੋ ਜਿਹੜੀਆ ਬੱਚਿਆ ਦੀ ਉਮਰ ਤੇ ਉਸੇ ਵੇਲੇ ਦੀ ਲੋੜ ਨੂੰ ਪੂਰਾ ਕਰਦੀਆ ਹਨ।

**ਅਧਿਆਪਕ ਦੀ ਪ੍ਰਾਥਨਾ:** ''ਪਰਮੇਸ਼ਵਰ, ਤੁਸੀ ਹਮੇਸ਼ਾਂ, ਹਰੇਕ ਜਗਾ ਤੇ ਬੱਚਿਆ ਨੂੰ ਪਿਆਰ ਕਰਦੇ ਹੋ, ਸਾਡੀ ਮੱਦਦ ਕਰ ਕਿ ਅਸੀਂ ਉਨ੍ਹਾਂ ਨਾਲ ਤੁਹਾਡੇ ਵਾਂਗ ਦਇਆਵਾਨ ਅਤੇ ਕਿਰਪਾਲੂ ਹੋ ਸਕੀਏ ਅਤੇ ਉਨ੍ਹਾਂ ਕੋਲੋਂ ਸਿੱਖੀਏ।''

**ਬੱਚਿਆ ਵਾਸਤੇ ਪ੍ਰਾਥਨਾ:** ''ਪਿਆਰੇ ਯੀਸ਼ੂ, ਅਸੀ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਤੁਸੀਂ ਸਾਨੂੰ ਬੱਚਿਆਂ ਵਾਂਗ ਪਿਆਰ ਕੀਤਾ, ਅਤੇ ਲੋਕਾਂ ਨੂੰ ਦਿਖਾਇਆ ਕਿ ਕਿਵੇਂ ਸਾਡੇ ਨਾਲ ਦਇਆ ਵਾਲਾ ਰੱਵਈਆ ਅਪਣਾਉਣਾ ਹੈ, ਸਾਡੀ ਮੱਦਦ ਕਰ ਕਿ ਅਸੀ ਇਸਤਰਾ ਸੇਵਾ ਕਰਦੇ ਰਹੀਏ, ਜਿਵੇ ਤੂੰ ਸਾਨੂੰ ਕਰਨ ਲਈ ਆਖਿਆ ਹੈ।''

ਯੀਸ਼ੂ ਨੇ ਉਨ੍ਹਾਂ ਨੂੰ ਕੁੱਛੜ ਚੁੱਕਿਆ ਅਤੇ ਉਨ੍ਹਾਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੇ ਅਸੀਸ ਦਿੱਤੀ। (ਮਰਕੁਸ 10:16)

**ਇੱਕ ਤਸਵੀਰ ਬਣਾਉ:**

- ਬੱਚਿਆਂ ਨੂੰ ਇੱਕ ਖੁਸ਼ ਬੱਚੇ ਦੀ ਤਸਵੀਰ ਇਹ ਸਪਸ਼ਟ ਕਰਨ ਲਈ ਬਣਾਉਣ ਦਿਓ ਕਿ ਯਿਸੂ ਹੀ ਬੱਚਿਆਂ ਦੀ ਦੇਖਭਾਲ ਕਰਦਾ ਹੈ।
- ਵੱਡੇ ਬੱਚੇ ਛੋਟਿਆਂ ਬੱਚਿਆਂ ਦੀ ਮੱਦਦ ਕਰਨ।

ਸਾਥੀਆ ਨੂੰ ਇਹ ਤਸਵੀਰ ਦਿਖਾਉ ਅਤੇ ਉਨ੍ਹਾਂ ਨੂੰ ਸਮਝਾਉ ਕਿ ਯਿਸੂ ਛੋਟਿਆਂ ਨੂੰ ਪਿਆਰ ਕਰਦਾ ਹੈ। ਮਰਕੁਸ 10:13–16 ਵਿੱਚੋਂ ਲੱਭੋ, ਯਿਸੂ ਬੱਚਿਆ ਬਾਰੇ ਕਿਨੀਂ ਦੇਖ ਰੇਖ ਕਰਦਾ ਹੈ, ਇਹ ਪੜੋ ਜਾ ਬੱਚਿਆਂ ਵਾਸਤੇ ਯਾਦ ਕਰਦੇ ਦੋਹਰਾਉ। ਜੇਕਰ ਸੰਭਵ ਹੋ ਸੱਕੇ ਤਾ ਇਹ ਕਹਾਣੀ ਬੱਚਿਆਂ ਨੂੰ ਪੜ੍ਹਨ ਜਾ ਦੱਸਣ ਦਿਉ।



**ਬੱਚਿਆ ਤੋਂ ਪੁੱਛੋ:–**

- ਯੀਸ਼ੂ ਕੋਲ ਲੋਕੀ, ਬੱਚਿਆ ਨੂੰ ਕਿਉ ਲੈ ਕੇ ਆਏ? (ਬੱਚਿਆ ਨੂੰ ਉੱਤਰ ਦੇਣ ਦਿਉ)
- ਕਿੰਨ੍ਹਾਂ ਲੋਕਾਂ ਨੇ ਕਿਹਾ, ਕਿ ਬੱਚਿਆਂ ਨੂੰ ਦੂਰ ਰਹਿੰਣ ਦਿਉ?
- ਯੀਸ਼ੂ ਨੇ ਕੀ ਮਹਿਸੂਸ ਕੀਤਾ, ਜਦੋ ਉਸਨੇ ਵੇਖਿਆ ਬੱਚਿਆਂ ਨੂੰ ਦੂਰ ਕਰਦੇ ਹੋਏ ਵੇਖਿਆ?
- ਬੱਚਿਆਂ ਬਾਰੇ ਯੀਸ਼ੂ ਨੇ ਕੀ ਕਿਹਾ?
- ਕਿੰਨਾ ਜਿਆਦਾ ਜਰੂਰੀ ਹੈ, ਇਹ ਦੇ ਬੱਚਿਆਂ ਦਾ ਆਪਣੀ ਯਿਸੂ ਦੀ ਅਰਾਧਨਾ ਸਭਾ ਵਿੱਚ ਸਵਾਗਤ ਕਰਨਾ?

**ਸਿੱਖਣ ਵਾਲੀਆ ਚੀਜਾ,** ਜਦੋ ਮਾਪੇ ਬੱਚਿਆਂ ਨੂੰ ਯੀਸ਼ੂ ਕੋਲ ਲੈਕੇ ਆਏ, ਉਨ੍ਹਾਂ ਘਟਨਾਵਾ ਨੂੰ ਦੱਸੋ।

**ਬੱਚੇ:**- ਇਸ ਤਰ੍ਹਾਂ ਦਿਸਣ, ਜਿਵੇਂ ਉਹ ਯੀਸ਼ੂ ਦੇ ਚੇਲੇ ਹਨ।

- ਕਿਹੜਾ ਕਾਰਨ ਤੁਸੀ ਸੋਚਦੇ ਹੋ ਕਿ ਮਾਪਿਆਂ ਨੂੰ ਕਿਹਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਯੀਸ਼ੂ ਕੋਲ ਨਾ ਲੈ ਕੇ ਜਾਣ, ਰੋਕਣ ਵਾਸਤੇ? ਉਦਾਹਰਣ
- ''ਉਹਨੂੰ ਬੜਾ ਕੰਮ ਹੈ''
- ''ਇਹ ਬੱਚੇ ਬੜੇ ਛੋਟੇ ਹਨ ਉਹਦੇ ਵੱਚਨਾ ਨੂੰ ਸਮਝ ਨਹੀ ਸਕਦੇ
- ''ਤੁਸੀ ਸਾਡੇ ਮਹਾਨ ਸਿੱਖਿਆ ਦੇਣ ਵਾਲੇ ਦਾ ਸਤਿਕਾਰ ਨਹੀ ਕਰ ਰਹੇ।''
- ਬੱਚੇ ਉਹਨਾ ਚੀਜਾਂ ਬਾਰੇ ਕਹਿਣ, ਜਿਹੜੀਆਂ ਉਹ ਸੋਚਦੇ ਹਨ, ਚੇਲਿਆ ਨੇ ਕੀਤੀਆ।

**ਬੱਚੇ:**- ਹੁਣ ਇਹ ਦਿਖਾਣ, ਜਿਵੇਂ ਉਹ ਮਾਪੇ ਹਨ। ਤੁਸੀ ਬੱਚਿਆਂ ਨੂੰ ਬੱਚਿਆਂ ਕੋਲ ਆਉਣ ਦੇ ਕਾਰਨ ਦੱਸੋ।

**ਬੱਚੇ:**- ਹੁੱਣ ਇਹ ਦਿਖਾਵਾ ਕਰਨ ਕਿ ਉਹ ਬੱਚੇ ਹਨ, ਜਿੰਨਾ ਨੇ ਯੀਸ਼ੂ ਨੂੰ ਕਬੂਲ ਕੀਤਾ ਹੈ। ਤੁਸੀਂ ਯਿਸੂ ਬਾਰੇ ਕੀ ਕਹਿਣਾ ਚਾਹੁੰਦੇ ਹੋ?

ਯੀਸ਼ੂ ਕੋਲ ਬੱਚਿਆਂ ਦੇ ਆਉਣ ਦੀ ਕਹਾਣੀ ਦਾ ਨਾਟਕ ਤਿਆਰ ਕਰੋ। (ਮਰਕੁੱਸ 10:13-16)

- ਇਹ ਨਾਟਕ ਬਾਲਿਗਾਂ ਦੀ ਅਰਾਧਨਾ ਵੇਲੇ, ਮੋਟਾ ਮੋਟਾ ਕਰਕੇ ਦਿਖਾਉਣ ਦੀ ਤਿਆਰੀ ਕਰੋ। ਅਰਾਧਨਾ ਦੇ ਅਗਵੇ ਨਾਲ ਮਿਲ ਕੇ ਇਹਦੀ ਤਿਆਰੀ ਕਰੋ।
- ਇਹ ਨਾਟਕ ਹੋਰ ਜਿਆਦਾ ਅਧਿਕਾਰ ਨਾਲ ਸੰਚਾਰਨ ਕਰ ਸਕਦਾ ਹੈ, ਜੇਕਰ ਕੁਝ ਆਦਮੀ ਬੱਚਿਆਂ ਨਾਲ ਮਿਲ ਕੇ ਇਹਨੂੰ ਪੇਸ਼ ਕਰਨ।
- ਵੱਡੇ ਬੱਚੇ ਛੋਟਿਆਂ ਦੀ ਤਿਆਰੀ ਵਿੱਚ ਮੱਦਦ ਕਰਨ।
- ਵੱਡੇ ਬੱਚੇ ਜਾਂ ਬਾਲਿਗਾਂ, ਇਹ ਹਿੱਸੇ ਕਰਨ ਮਾਂ ਪਿਉ, ਵਾਚਕ, ਅਤੇ ਯੀਸ਼ੂ।
- ਛੋਟੇ ਬੱਚੇ ਇਹ ਹਿੱਸੇ ਕਰਨ, ਚੇਲੇ ਅਤੇ ਬੱਚੇ।

**ਮਾਪੇ:**- ਬੱਚਿਆਂ ਨੂੰ ਹੱਥ ਫੜ ਕੇ ਯੀਸ਼ੂ ਵੱਲ ਲੈ ਕੇ ਜਾਣ, ਜਿਹੜਾ ਕਿ ਕਮਰੇ ਵਿੱਚ ਇਕ ਪਾਸੇ ਬੈਠਾ ਹੋਇਆ ਹੈ, ਤੇ ਆਖੇ ''ਆਉ। ਅਸੀ ਯੀਸ਼ੂ ਨੂੰ ਦੇਖਦੇ ਹਾ''

**ਵਾਚਕ**- ਮਰਕੁੱਸ 10:13 ਪੜ੍ਹੋ।

**ਚੇਲੇ** (ਯੀਸ਼ੂ ਕੋਲ ਖੜੇ ਰਹਿੰਣ) ਅਤੇ ਗੁੱਸੇ ਨਾਲ ਉਹ ਆਖਣ, ਜਿਹੜੀਆਂ ਚੇਲਿਆਂ ਨੇ ਸਿੱਖਣ ਵਾਲੀਆਂ ਚੀਜਾਂ ਉੱਤੇ ਕਹੀਆਂ ਸਨ। ਆਪਣੀ ਕਲਪਨਾ ਸ਼ਕਤੀ ਨੂੰ ਇਸਤੇਮਾਲ ਕਰਕੇ ਉਹ ਕਹੋ, ਜਿਹੜਾ ਤੁਸੀ ਸੋਚਦੇ ਹੋ ਕਿ ਚੇਲਿਆਂ ਨੇ ਕਿਹਾ ਹੋਵੇਗਾ।

**ਮਾ-ਪਿਉ,** ਚੇਲਿਆਂ ਨਾਲ ਗੁੱਸੇ ਵਿੱਚ ਬਹਿਸ ਕਰਣ, ਜਿਵੇਂ ਸਿੱਖਣ ਵਾਲੀਆਂ ਚੀਜਾਂ ਵਿੱਚ ਦਿੱਤਾ ਗਿਆ ਹੈ, ਤੁਸੀ ਆਪਣੇ ਸ਼ਬਦਾ ਨੂੰ ਇਸਤਮਾਲ ਕਰੋ।

**ਯੀਸ਼ੂ:**- ਤਾਕਤ ਨਾਲ ਬੋਲੋ, ਯੀਸ਼ੂ ਦੇ ਸ਼ਬਦ, ਮਰਕਸ 10:14 ਵਿੱਚੋਂ ਲਉ।

''ਛੋਟਿਆ ਬਾਲਕਾ ਨੂੰ ਮੇਰੇ ਕੋਲ ਆਉਣ ਦਿਉ। ਉਨ੍ਹਾਂ ਨੂੰ ਨਾ ਵਰਜੋ, ਕਿਉਕਿ ਪਰਮੇਸ਼ਵਰ ਦਾ ਰਾਜ ਏਹੋ ਜਿਹਾਂ ਦਾ ਹੈ।

**ਚੇਲੇ:**- ਇਹੋ ਜਿਹੀਆਂ ਚੀਜਾਂ ਨੂੰ ਆਪਣੇ ਸ਼ਬਦਾਂ ਵਿੱਚ ਬੋਲਣ ਜਿਵੇ...

''ਪ੍ਰਭੂ, ਤੁਸੀਂ ਬਹੁਤ ਜਿਆਦਾ ਰੁੱਝੇ ਹੋਏ ਹੋ!'' ''ਤੁਸੀਂ ਆਪਣੇ ਸਮੇਂ ਨੂੰ ਇੰਨ੍ਹਾਂ ਛੋਟਿਆਂ ਬੱਚਿਆਂ ਨਾਲ ਖਰਾਬ ਨਹੀ ਕਰ ਸਕਦੇ।''

'ਯਿਸੂ' ਦੁਬਾਰਾ ਤਾਕਤ ਵਾਲੀ (ਜੋਰ ਵਾਲੀ) ਅਵਾਜ ਨਾਲ ਬੋਲੋ।

**ਯੀਸ਼ੂ** ਦੇ ਸ਼ਬਦ ਮਰਕੁਸ 10:15 ਵਿੱਚੋ...

''ਮੈਂ ਤੁਹਾਨੂੰ ਸੱਤ ਆਖਦਾ ਹਾਂ ਭਈ ਜੋ ਕੋਈ ਪਰਮੇਸ਼ਵਰ ਦੇ ਰਾਜ ਨੂੰ ਛੋਟੇ ਬਾਲਕ ਦੀ ਨਿਆਈ ਕਬੂਲ ਨਾ ਕਰੇ ਉਹ ਉਸ ਵਿੱਚ ਕਦੇ ਨਾ ਵੜੇਗਾ।'' (ਬੱਚਿਆ ਨੂੰ ਜੱਫੀ ਪਾਵੇ)

**ਵਾਚਕ:**- ਮਰਕੁੱਸ 10:16 ਜੋਰ ਨਾਲ ਪੜੋ, ਤੱਦ ਯਾਦ ਵਿੱਚ ਹਰੇਕ ਦਾ ਧੰਨਵਾਦ ਕਰੇ ਉਨਾ ਜਿੰਨਾ ਨੇ ਇਹ ਨਾਟਕ ਵਿੱਚ ਮੱਦਦ ਕੀਤੀ ਹੈ।,

ਜੇਕਰ ਬੱਚਿਆਂ ਨੇ ਇਹ ਨਾਟਕ ਅਰਾਧਨਾ ਵੇਲੇ ਪੇਸ਼ ਕੀਤਾ ਹੈ। ਤਾਂ ਬੱਚੇ ਬਾਲਿਗਾਂ ਕੋਲੋਂ ਉਹੀ ਪ੍ਰਸ਼ਨ ਪੁਛਣ ਜਿਹੜੇ ਪ੍ਰਸ਼ਨ ਮਰਕੁੱਸ 10:13-16 ਵਿੱਚ ਕਹਿ ਗਏ ਹਨ ਜਾਂ ਹੋਰ ਪ੍ਰਸ਼ਨ ਜਿਹੜੇ ਉਨਾ ਨੇ ਤਿਆਰ ਕੀਤੇ ਹਨ। ਉਨ੍ਹਾਂ ਨੂੰ ਕਵਿਤਾ ਵੀ ਸੁਣਾਉਣ ਦਿਓ ਅਤੇ ਯਾਦ ਕਰਨ ਵਾਲੀ ਆਇਤ ਵੀ ਬਾਲਗਾਂ ਲਈ।

**ਕਵਿਤਾ:-** ਚਾਰ ਬੱਚੇ ਲਉ ਅਤੇ ਹਰੇਕ ਨੂੰ ਜਬੂਰ 127 ਆਇਤਾਂ 1,3,45,

1 ਜੇਕਰ ਯਹੋਵਾਹ ਹੀ ਘਰ ਨਾ ਬਣਾਏ, ਤਾ ਰਾਖੇ ਦਾ ਜਾਗਣਾ ਵਿਅਰਥ ਹੈ।

3 ਵੇਖੋ, ਬੱਚੇ ਯਹੋਵਾਹ ਵੱਲੋਂ ਮਿਰਾਸ ਹਨ, ਢਿੱਡ ਦਾ ਫਲ ਇਕ ਇਨਾਮ ਹੈ।

4 ਜਿਵੇ ਸੂਰਮੇ ਦੇ ਹੱਥ ਵਿੱਚ ਬਾਣ, ਤਿਵੇ ਜਵਾਨੀ ਦੇ ਪੁੱਤਰ ਹਨ-

5 ਧੰਨ ਹੈ ਉਹ ਮਰਦ, ਜਿਹਦਾ ਤਰਕਸ਼ ਉਨ੍ਹਾਂ ਨਾਲ ਭਰਿਆ ਹੋਇਆ ਹੈ।

ਅਜੇਹੇ ਸ਼ਰਮਿੰਦੇ ਨਾਲ ਹੋਣਗੇ ਜਦ ਉਹ ਆਪਣੇ ਵੈਰੀਆ ਨਾਲ ਫਾਟਕ ਵਿੱਚ ਗੱਲਾਂ ਕਰਣਗੇ।

ਵੱਡਿਆਂ ਬੱਚਿਆਂ ਨੂੰ ਕਵਿਤਾਵਾਂ, ਗੀਤਾਂ ਜਾਂ ਛੋਟੀਆਂ ਕਹਾਣੀਆਂ ਲਿੱਖਣ ਦਿਉ, ਉਨ੍ਹਾਂ ਲੋਕਾ ਬਾਰੇ, ਜਿਹੜੇ ਬੱਚਿਆਂ ਨੂੰ ਪਿਆਰ ਕਰਦੇ ਹਨ ਜਾਂ ਵੱਡਿਆਂ ਬੱਚਿਆਂ ਬਾਰੇ, ਜਿੰਨ੍ਹਾਂ ਨੇ ਛੋਟਿਆ ਬੱਚਿਆ ਦੀ ਮੱਦਦ ਕੀਤੀ।

**ਯਾਦ ਕਰਨ ਵਾਲੀ ਆਇਤ:**

- ਵੱਡੇ ਬੱਚੇ ਯਾਦ ਕਰਨ ਮਰਕੁੱਸ 10:13-15
- ਛੋਟੇ ਬੱਚੇ ਯਾਦ ਕਰਨ ਸਿਰਫ ਯੀਸ਼ੂ ਦੇ ਵੱਚਨ ਮਰਕੁੱਸ (10:14)

Copyright 2004 © by Paul-Timothy. May be freely copied. Download from www.Paul-Timothy.net